WR-IRP1018/34/2022-1IP1

ਡਾਇਰੀ ਨੰ. ...126......... / ਈ ਈ 2
ਮਿਤੀ 29.../..04../2024

3145909
26 APR 2024
ਚੰਡੀਗੜ੍ਹ

I/829189/2024

**ਪੰਜਾਬ ਸਰਕਾਰ**
**ਜਲ ਸਰੋਤ ਵਿਭਾਗ**
**(ਸਿੰਚਾਈ ਪ੍ਰਸੋਨਲ-1 ਸ਼ਾਖਾ)**
**ਹੁਕਮ**

ਜਿਵੇਂ ਕਿ ਸ੍ਰੀ ਗਗਨ, ਮਾਈਨਿੰਗ ਅਫਸਰ, ਜਲ ਸਰੋਤ ਵਿਭਾਗ, ਪੰਜਾਬ ਨੂੰ ਪੰਜਾਬ ਸਿਵਲ ਸੇਵਾਵਾਂ/ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਪੱਤਰ ਨੰ: WR-IRP1018/34/2022-1IP1/321/1-3 ਮਿਤੀ 31.08.2022 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਅਧਿਕਾਰੀ ਵਿਰੁੱਧ ਹੇਠ ਲਿਖੇ ਅਨੁਸਾਰ ਦੋਸ਼ ਲਗਾਏ ਗਏ ਸਨ:-

"ਪਠਾਨਕੋਟ ਜਿਲ੍ਹੇ ਦੇ ਅੰਦਰ ਨਜਾਇਜ਼ ਮਾਈਨਿੰਗ ਧੜੱਲੇ ਨਾਲ ਚਲ ਰਹੀ ਹੈ ਅਤੇ ਕਈ ਜਗਾਵਾਂ ਤੇ 25 ਫੁੱਟ ਡੂੰਘਾਈ ਤੱਕ ਖੁਦਾਈ ਕੀਤੀ ਗਈ ਹੈ ਜੋ ਕਿ ਮੰਨਜੂਰੀ ਤੋ ਵੱਧ ਹੈ। ਅਚਨਚੇਤ ਚੈਕਿੰਗ ਲਈ ਬਣਾਈ ਟੀਮ ਦੇ ਮੈਂਬਰ ਸ੍ਰੀ ਹਰਦੀਪ ਸਿੰਘ ਮੈਦੀਰੱਤਾ (ਨਿਗਰਾਨ ਇੰਜੀਨੀਅਰ) ਅਤੇ ਸ੍ਰੀ ਚੇਤਨ ਖੰਨਾ (ਕਾਰਜਕਾਰੀ ਇੰਜੀਨੀਅਰ) ਵੱਲੋਂ ਮਿਤੀ 27.05.2022 ਨੂੰ ਸਾਈਟ ਵਿਜਿਟ ਕੀਤੀ ਗਈ। ਟੀਮ ਦੀ ਰਿਪੋਰਟ ਮੁਤਾਬਿਕ ਕਰੈਸ਼ਰਜ਼ ਦੇ ਨੇੜੇ ਗੈਰ-ਕਾਨੂੰਨੀ ਮਾਈਨਿੰਗ ਹੋਈ ਹੈ। ਨਜਾਇਜ ਮਾਈਨਿੰਗ ਤੇ ਚੈੱਕ ਰੱਖਣਾ ਆਪ ਦੀ ਡਿਊਟੀ ਦਾ ਹਿੱਸਾ ਸੀ। ਇਸ ਤਰ੍ਹਾਂ ਆਪ ਵੱਲੋਂ ਡਿਊਟੀ ਪ੍ਰਤੀ ਕੁਤਾਹੀ ਵਰਤਣ ਨਾਲ ਸਰਕਾਰ ਨੂੰ ਵਿੱਤੀ ਨੁਕਸਾਨ ਪਹੁੰਚਾਇਆ ਹੈ।"

2. ਜਿਵੇਂ ਕਿ ਅਧਿਕਾਰੀ ਵੱਲੋਂ ਪੱਤਰ ਮਿਤੀ 04.10.2022 ਰਾਹੀਂ ਜਾਰੀ ਦੋਸ਼ ਸੂਚੀ ਸਬੰਧੀ ਆਪਣਾ ਸਪੱਸ਼ਟੀਕਰਨ/ਜਵਾਬ ਸਰਕਾਰ ਨੂੰ ਪੇਸ਼ ਕੀਤਾ। ਇਸ ਉਪਰੰਤ ਇਸ ਕੇਸ ਦੀ ਪ੍ਰਤੱਖ ਪੜਤਾਲ ਕਰਵਾਉਣ ਲਈ ਸ੍ਰੀ ਐਨ.ਐਸ. ਬਰਾੜ, ਪੀ.ਸੀ.ਐਸ. (ਰਿਟਾ.) ਨੂੰ ਪੜਤਾਲੀਆ ਅਫਸਰ ਮਿਤੀ 27.10.2022 ਰਾਹੀਂ ਲਗਾਇਆ ਗਿਆ ਅਤੇ ਪੜਤਾਲੀਆ ਅਫਸਰ ਵੱਲੋਂ ਮਿਤੀ 10.04.2023 ਰਾਹੀਂ ਪੜਤਾਲ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਗਈ। ਜਿਸ ਵਿੱਚ ਪੜਤਾਲੀਆ ਅਫਸਰ ਵੱਲੋਂ ਭੇਜੀ ਪੜਤਾਲ ਰਿਪੋਰਟ ਵਿੱਚ ਅਧਿਕਾਰੀ ਵਿਰੁੱਧ ਦੋਸ਼ਾਂ ਨੂੰ ਸਿੱਧ ਨਹੀਂ ਕੀਤਾ ਗਿਆ।

3. ਜਿਵੇਂ ਕਿ ਪ੍ਰਮੁੱਖ ਸਕੱਤਰ, ਜਲ ਸਰੋਤ ਜੀ ਵੱਲੋਂ ਜਾਰੀ ਅਸਹਿਮਤੀ ਨੋਟ ਮਿਤੀ 07.06.2023 ਨੂੰ ਭੇਜ ਕੇ ਸਪੱਸ਼ਟੀਕਰਨ/ਜਵਾਬ ਮੰਗਿਆ ਗਿਆ ਅਤੇ ਅਧਿਕਾਰੀ ਵੱਲੋਂ ਮਿਤੀ 26.06.2023 ਰਾਹੀਂ ਸਪੱਸ਼ਟੀਕਰਨ/ਜਵਾਬ ਸਰਕਾਰ ਨੂੰ ਪੇਸ਼ ਕੀਤਾ ਗਿਆ। ਜਿਸ ਸਬੰਧੀ ਮਿਤੀ 17.07.2023 ਨੂੰ ਅਧਿਕਾਰੀ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ।

4. ਜਿਵੇਂ ਕਿ ਇਸ ਕੇਸ ਸਬੰਧੀ ਅਧਿਕਾਰੀ ਦਾ ਪੱਖ ਸੁਣਨ, ਸਮੂਹ ਤੱਥਾਂ ਨੂੰ ਵਿਚਾਰਨ ਉਪਰੰਤ ਅਤੇ ਤੱਥਾਂ ਦੇ ਆਧਾਰ ਤੇ ਸ੍ਰੀ ਗਗਨ, ਮਾਈਨਿੰਗ ਅਫਸਰ, ਜਲ ਸਰੋਤ ਵਿਭਾਗ, ਪੰਜਾਬ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਪੱਤਰ ਨੰ: WR-IRP1018/34/2022-1IP1/321/1-3 ਮਿਤੀ 31.08.2022 ਰਾਹੀਂ ਜਾਰੀ ਕੀਤੀ ਦੋਸ਼ ਸੂਚੀ ਦਾ ਫੈਸਲਾ ਕਰਦੇ ਹੋਏ ਅਧਿਕਾਰੀ ਦੀਆਂ 2 ਸਾਲਾਨਾਂ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ ਸਜ਼ਾ ਦਿੱਤੀ ਜਾਂਦੀ ਹੈ।

5. ਇਹ ਪੱਤਰ ਸਮਰੱਥ ਅਥਾਰਟੀ ਅਤੇ ਪੀ.ਪੀ.ਐਸ.ਸੀ. ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਮਿਤੀ, ਚੰਡੀਗੜ੍ਹ: 24.04.2024

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ।

P.T.O.

3

WR-IRP1018/34/2022-1IP1

ਪਿੱਠ:ਅੰ:ਨੰ: WR-IRP1018/34/2022-1IP1/ 1/829189/2024/1 ਮਿਤੀ. ਚੰਡੀਗੜ੍ਹ: 25/04/2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਇੰਜੀਨੀਅਰ/ਹੈਡਕੁਆਟਰ ਅਤੇ ਡਿਸਪਿਊਟ ਰਿਜੋਲਿਊਸ਼ਨ. ਜਲ ਸਰੋਤ ਵਿਭਾਗ. ਪੰਜਾਬ. ਚੰਡੀਗੜ੍ਹ।
2. ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸ਼ੋਰੈਂਸ. ਜਲ ਸਰੋਤ ਵਿਭਾਗ. ਪੰਜਾਬ. ਚੰਡੀਗੜ੍ਹ।
3. ਸਬੰਧਤ ਅਧਿਕਾਰੀ।

ਸੁਪਰਡੰਟ

ਪਿੱਠ ਅੰਕਣ ਨੰਬਰ 1/845499 /3ਈਈ-2/2024 ਮਿਤੀ: 21/05/2024

ਪਿਛੋਕੜ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ:-

1. ਮੁੱਖ ਇੰਜੀਨੀਅਰ/ਹੈੱਡਕੁਆਟਰ ਅਤੇ ਡਿਸਪਿਊਟ ਰੈਜੋਲਿਊਸ਼ਨ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸ਼ੋਰੈਂਸ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਨਿਗਰਾਨ ਇੰਜੀਨੀਅਰ, ਆਈ.ਬੀ.ਹਲਕਾ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ।
5. ਕਾਰਜਕਾਰੀ ਇੰਜੀਨੀਅਰ ਆਈ.ਟੀ.-ਕਮ-ਜੀ.ਆਈ.ਐਸ ਅਤੇ ਇਮਰਜਿੰਗ ਟੈਕਨਾਲੋਜੀ, ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ।
6. ਸੁਪਰਡੈਂਟ/ਚਾਰਜਸ਼ੀਟ ਸੈਲ ਸਾਖਾ।
7. ਸਬੰਧਤ ਅਧਿਕਾਰੀ।

ਸੁਪਰਡੰਟ/ਈਈ-2,
ਵਾ: ਮੁੱਖ ਇੰਜੀਨੀਅਰ/ਹੈਡ ਕੁਆਟਰ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।